# ਕਾਮਿਆਂ ਲਈ ਪਰਦਾਦਾਰੀ ਬਿਆਨ

WSIB ਤੁਹਾਡੀ ਨਿੱਜੀ ਜਾਣਕਾਰੀ ਨੂੰ ਬਚਾਕੇ ਅਤੇ ਤੁਹਾਡੀ ਗੁਪਤ ਰੱਖਣ ਲਈ ਵਚਨਬੱਧ ਹੈ । WSIB ਜਾਣਕਾਰੀ ਵਰਕ ਪਲੇਸ ਸੇਫਟੀ ਅਤੇ ਇੰਸ਼ੋਰੈਂਸ ਐਕਟ ਨੂੰ ਅਮਲੀ ਰੂਪ ਦੇਣ ਅਤੇ ਲਾਗੂ ਕਰਨ ਲਈ ਇਕੱਠੀ ਕਰਦਾ ਹੈ ਅਤੇ ਇਹ ਜਾਣਕਾਰੀ ਦੀ ਆਜ਼ਾਦੀ ਅਤੇ ਪਰਦਾਦਾਰੀ ਰੱਖਿਆ ਐਕਟ ਦੇ ਅੰਤਰਹੀਨ ਹੈ ।

**ਤੁਹਾਡੀ ਨਿੱਜੀ ਜਾਣਕਾਰੀ ਨੂੰ ਇਕੱਠਾ ਕਰਨਾ**

ਤੁਹਾਡੇ ਬਾਰੇ ਜਾਣਕਾਰੀ ਤੁਹਾਡੇ ਤੋਂ, ਤੁਹਾਡੇ ਮਾਲਕਾਂ ਤੋਂ, ਤੁਹਾਡੇ ਸਿਹਤ ਸੰਭਾਲ ਅਤੇ ਕਿਰਤ ਬਾਜ਼ਾਰ ਵਿਚ ਮੁੜ-ਪ੍ਰਵੇਸ਼ ਸੇਵਾਵਾਂ ਪ੍ਰਦਾਨ ਕਰਨ ਵਾਲਿਆਂ ਤੋਂ ਅਤੇ ਲੋੜ ਅਨੁਸਾਰ ਹੋਰਨਾਂ ਤੋਂ ਹੇਠ ਦਿੱਤੇ ਮੰਤਵਾਂ ਲਈ ਇਕੱਠੀ ਕੀਤੀ ਜਾਂਦੀ ਹੈ ।

ਪ੍ਰਸ਼ਾਸਨ ਸੰਬੰਧੀ
ਅਸੀਂ ਤੁਹਾਨੂੰ ਤੁਹਾਡਾ ਨਾਮ, ਪਤਾ, ਘਰ ਦਾ ਟੈਲੀਫੋਨ ਨੰਬਰ, ਜਨਮ ਤਰੀਕ ਅਤੇ ਕਲੇਮ ਨੰਬਰ ਜਿਹੀ ਜਾਣਕਾਰੀ ਵਿਸਤਾਰ ਨਾਲ ਦੇਣ ਲਈ ਇਸ ਲਈ ਕਹਿੰਦੇ ਹਾਂ ਕਿਉਂਕਿ ਇਸ ਨਾਲ ਸਾਨੂੰ ਤੁਹਾਡੇ ਨਾਲ ਗੱਲ-ਬਾਤ ਕਰਨ ਵਿਚ ਅਤੇ ਤੁਹਾਡੇ ਰਿਕਾਰਡ ਪੁੱਜਣ ਤੇ ਉਨ੍ਹਾਂ ਨੂੰ ਠੀਕ ਤਰ੍ਹਾਂ ਤੁਹਾਡੀ ਕਲੇਮ ਫਾਈਲ ਨਾਲ ਮਿਲਾਣ ਵਿਚ ਆਸਾਨੀ ਹੁੰਦੀ ਹੈ । ਸੋਸ਼ਲ ਇੰਸ਼ੋਰੈਸ ਨੰਬਰ ਕਾਮਿਆਂ ਦਾ ਕਲੇਮ ਰਜਿਸਟਰ ਕਰਦੇ ਸਮੇਂ ਉਨ੍ਹਾਂ ਦੀ ਪਹਿਚਾਣ ਲਈ ਅਤੇ ਇਨਕਮ ਟੈਕਸ ਐਕਟ ਅਧੀਨ ਹੈਲਥ ਇਨਕਮ ਟੈਕਸ ਜਾਣਕਾਰੀ ਵੇਰਵੇ ਭੇਜਣ ਲਈ ਇਕੱਠਾ ਕੀਤਾ ਜਾਂਦਾ ਹੈ । ਕਾਰਡ ਨੰਬਰ ਨਿੱਜੀ ਸਿਹਤ ਜਾਣਕਾਰੀ ਰੱਖਿਆ ਐਕਟ ਵੱਲੋਂ ਦਿੱਤੇ ਅਧਿਕਾਰ ਅਧੀਨ ਸਿਹਤ ਪ੍ਰਸ਼ਾਸਨ, ਜਿਵੇਂ ਕਿ ਸਾਰੇ OHIP ਬਿਲਾਂ ਦਾ ਇਕੱਠਾ ਕਰਨਾ, ਸਿਹਤ ਸੰਭਾਲ ਆਯੋਜਨ ਅਤੇ ਖੋਜ ਵਿਦਿਆਵਾਂ ਲਈ ਇਕੱਠਾ ਕੀਤਾ ਅਤੇ ਵਰਤਿਆ ਜਾਂਦਾ ਹੈ ।

ਵਿੱਤ ਸੰਬੰਧੀ
ਤੁਹਾਡੀ ਹਫਤਾਵਾਰ, ਮਹੀਨਾਵਾਰ ਜਾਂ ਸਾਲਾਨਾ ਆਮਦਨ ਦੀ ਜਾਣਕਾਰੀ ਸਾਨੂੰ ਤੁਹਾਡੀ ਕਮਾਈ ਘਾਟਾ ਲਾਭਾਂ ਦੇ ਦਰ ਦਾ ਫੈਸਲਾ ਕਰਨ ਲਈ ਹੈ ਅਤੇ ਇਸ ਲਈ ਤੁਹਾਡੇ ਮਾਲਕਾਂ ਵਲੋਂ ਪੁਸ਼ਟੀ ਜਾਂ ਤਨਖਾਹ ਵਾਲੀ ਸਟੱਬ ਦਾ ਹੋਣਾ ਜ਼ਰੂਰੀ ਹੈ ।

ਆਮਦਨੀ ਦੀ ਬੇਹਾਲੀ ਦੇ ਸ੍ਰੋਤ ਜਿਵੇਂਕਿ ਸੋਸ਼ਿਲ ਅਸਿਸਟੈਂਸ, ਐਮਪਲਾਇਮੈਂਟ ਇੰਸ਼ੋਰੈਂਸ ਅਤੇ ਪ੍ਰਾਈਵੇਟ ਇੰਸ਼ੋਰੈਂਸ ਦੁਬਾਰਾ ਅਦਾਇਗੀ ਅਤੇ/ਜਾਂ ਵਾਧੂ ਅਦਾਇਗੀ ਤੋਂ ਬਚਣ ਲਈ ਤੁਹਾਨੂੰ WSIB ਨੂੰ ਰਿਪੋਰਟ ਕਰਨ ਲਈ ਕਹਿ ਸਕਦੇ ਹਨ । ਜੇਕਰ ਤੁਹਾਡੇ ਖਾਤੇ ਵਿੱਚ ਸਿੱਧੇ ਪੈਸੇ ਜਮ੍ਹਾਂ ਕਰਵਾਣ ਦੀ ਲੋੜ ਜਾਂ ਚੋਣ ਹੈ ਤਾਂ ਤੁਹਾਡੇ ਬੈਂਕ ਦਾ ਖ਼ਾਤਾ ਨੰਬਰ ਵੀ ਬੇਨਤੀ ਕਰਕੇ ਲਿਆ ਜਾ ਸਕਦਾ ਹੈ ।

ਡਾਕਟਰੀ ਸੰਬੰਧੀ
ਜਾਣਕਾਰੀ ਜਿਵੇਂ ਕਿ ਤੁਹਾਡਾ ਇਲਾਜ ਕਰ ਰਹੇ ਮਾਹਿਰਾਂ ਦੀਆਂ ਰਿਪੋਰਟਾਂ, ਪ੍ਰਸਤਾਵਿਤ ਦਵਾਈਆਂ ਦਾ ਵੇਰਵਾ, ਫਿਜ਼ੀਓਥੈਰਿਪੀ ਇਲਾਜ ਦੀਆਂ ਤਾਰੀਖਾਂ ਹਸਪਤਾਲ ਦੇ ਰਿਕਾਰਡ ਜਾਂ ਹੋਰ ਇਲਾਜ ਸੰਬੰਧੀ ਰਿਕਾਰਡ ਤੁਹਾਡੇ ਲਾਭਾਂ ਬਾਰੇ ਹੱਕਾਂ ਦੇ ਫੈਸਲੇ ਵਿਚ ਮਦਦ ਲਈ ਇਕੱਠੇ ਕੀਤੇ ਜਾਂਦੇ ਹਨ । ਇਹ ਜਾਣਕਾਰੀ ਇਸ ਫੈਸਲੇ ਵਿਚ ਵੀ ਮਦਦ ਕਰਦੀ ਹੈ ਕਿ ਤੁਹਾਨੂੰ ਜਾਂ ਤੁਹਾਡੇ ਸਿਹਤ ਸੰਭਾਲ ਕਰਤਾ ਨੂੰ ਕਿਸ ਕਿਸਮ ਦੀ ਹੋਰ ਮਦਦ ਦੀ ਲੋੜ ਹੋ ਸਕਦੀ ਹੈ ਜਿਸ ਨਾਲ ਤੁਹਾਨੂੰ ਉੱਚ ਮਿਆਰੀ ਸਿਹਤ ਸੰਭਾਲ ਮਿਲੇ । ਵਰਕ ਪਲੇਸ ਸੇਫਟੀ ਅਤੇ ਇੰਸ਼ੋਰੈਂਸ ਐਕਟ ਅਧੀਨ ਇਹ ਜ਼ਰੂਰੀ ਹੈ ਕਿ ਸਿਹਤ ਦਾ ਇਲਾਜ ਕਰ ਰਹੇ ਮਾਹਿਰ ਤੁਹਾਡੇ ਕਲੇਮ ਨਾਲ ਸੰਬੰਧਿਤ ਸਿਹਤ ਜਾਣਕਾਰੀ WSIB ਨੂੰ ਪ੍ਰਦਾਨ ਕਰਨ ।

ਧੋਖੇਬਾਜ਼ੀ ਅਤੇ ਨਾ-ਫੁਰਮਾਨੀ
ਪ੍ਰਸ਼ਾਸਕੀ, ਵਿੱਤੀ ਅਤੇ ਡਾਕਟਰੀ ਜਾਣਕਾਰੀ ਧੋਖੇਬਾਜ਼ੀ ਜਾਂ ਨਾ-ਫੁਰਮਾਨੀ ਲਈ ਫੌਜਦਾਰੀ ਜਾਂ ਹੋਰ ਛਾਣਬੀਣ ਲਈ ਵੀ ਇਕੱਠੀ ਕੀਤੀ ਜਾ ਸਕਦੀ ਹੈ ।

**ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ,ਸੰਭਾਲ ਅਤੇ ਪ੍ਰਗਟੀਕਰਨ**

ਲਾਭਾਂ ਦੀ ਵਿਵਸਥਾ
ਕਈ ਵਾਰ ਹੋ ਸਕਦਾ ਹੈ ਜਿਵੇਂ ਕਿ ਕੋਈ ਫੈਸਲਾ ਪੱਤਰ ਲਿਖਦਿਆਂ ਕਲੇਮ ਨਾਲ ਸੰਬੰਧਿਤ ਗੁਪਤ ਜਾਣਕਾਰੀ ਜਿਸ ਵਿਚ ਤੁਹਾਡੇ ਕਲੇ ਮ ਸੰਬੰਧੀ ਨਿੱਜੀ ਸਿਹਤ ਜਾਣਕਾਰੀ ਸ਼ਾਮਿਲ ਹੈ, ਬਿਨਾਂ ਤੁਹਾਡੀ ਇਜ਼ਾਜ਼ਤ ਦੇ ਤੁਹਾਡੇ ਮਾਲਕਾਂ ਨੂੰ ਜਾਣਕਾਰੀ ਦੀ ਆਜ਼ਾਦੀ ਅਤੇ ਪਰਦਾਦਾਰੀ ਰੱਖਿਆ ਐਕਟ ਦੇ ਅਧੀਨ ਦਿੱਤੀ ਜਾ ਸਕਦੀ ਹੈ ।

WSIB ਅਧਿਕਾਰੀ ਅਤੇ ਠੇਕੇ ਦੇ ਪ੍ਰਬੰਧਕ ਜੋ ਕਿ ਤੁਹਾਡੇ ਕਲੇਮ ਤੇ ਕੰਮ ਕਰ ਰਹੇ ਹਨ ਨੂੰ ਤੁਹਾਡੀ ਨਿੱਜੀ ਜਾਣਕਾਰੀ ਉਪਲਬਧ ਹੋਵੇਗੀ । ਕਲੇਮ ਫਾਈਲ ਦੀ ਸਾਰੀ ਜਾਣਕਾਰੀ ਗੁਪਤ ਮੰਨੀ ਜਾਂਦੀ ਹੈ ਅਤੇ ਤੁਹਾਡੀ ਜਾਣਕਾਰੀ ਤੱਕ ਦੀ ਪਹੁੰਚ ਜ਼ਰੂਰਤ ਤੇ ਆਧਾਰਤ ਹੈ ।

ਅੱਜ ਕੱਲ੍ਹ ਕਈ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਦੀ ਤਰ੍ਹਾਂ, WSIB ਬਾਹਰਲੀਆਂ ਕੰਪਨੀਆਂ ਦੀਆਂ ਸੇਵਾਵਾਂ ਦੀ ਵਰਤੋਂ ਕਰਦਾ ਹੈ । ਮਿਸਾਲ ਵਜੋਂ, ਇਕ ਬਾਹਰੀ ਸੇਵਾ ਪ੍ਰਦਾਨਕ ਤੁਹਾਡੇ ਕਲੇਮ ਦੀਆਂ ਪਸੂਤਾਵਿਤ ਦਵਾਈਆਂ ਦੇ ਭੁਗਤਾਨ ਨੂੰ ਨਿਪਟਾਇਗਾ । ਤੁਹਾਡੇ ਬਾਰੇ ਜਾਣਕਾਰੀ ਦੋਨੋਂ ਕੰਮ ਦੀ ਜਗ੍ਹਾ ਜਾਂ ਪਰ੍ਹੇ ਕਾਗਜ਼ੀ ਰੂਪ ਵਿਚ ਜਾਂ ਇਲੈਕਟਰੋਨਿਕ ਢੰਗ ਨਾਲ ਸੁਰੱਖਿਅਤ ਕੀਤੀ ਜਾ ਸਕਦੀ ਹੈ । ਤੁਹਾਡੀ ਨਿੱਜੀ ਜਾਣਕਾਰੀ ਦੀ ਰੱਖਿਆ ਲਈ ਠੇਕੇਦਾਰੀ ਇਕਰਾਰਨਾਮੇ ਕਾਇਮ ਹਨ ।

ਜਲਦੀ ਅਤੇ ਸੁਰੱਖਿਅਤ ਕੰਮ ਤੇ ਵਾਪਸੀ
ਜਦੋਂ ਤੁਸੀ ਲਾਭਾਂ ਲਈ ਦਾਵਾ ਕਰਦੇ ਹੋ,ਤੁਹਾਨੂੰ ਆਪਣੀ ਕਾਰਜਸ਼ੀਲ ਯੋਗਤਾਵਾਂ ਦੀ ਜਾਣਕਾਰੀ ਪ੍ਰਗਟ ਕਰਨ ਦੀ ਮਨਜ਼ੂਰੀ ਹਰ ਹਾਲ ਵਿਚ ਦੇਣੀ ਪੈਂਦੀ ਹੈ । ਇਸ ਮਨਜ਼ੂਰੀ ਸਦਕਾ ਤੁਹਾਡੇ ਸਿਹਤ ਸੰਭਾਲ ਕਰਤਾ ਨੂੰ ਤੁਹਾਡੀਆਂ ਕਾਰਜਸ਼ੀਲ ਯੋਗਤਾਵਾਂ ਦੀ ਜਾਣਕਾਰੀ ਸਿੱਧੀ ਤੁਹਾਡੇ ਮਾਲਕਾਂ ਅਤੇ WSIB ਨੂੰ ਭੇਜ ਸਕਦੇ ਹਨ ।ਇਹ ਜਲਦ ਅਤੇ ਸੁਰੱਖਿਅਤ ਕੰਮ ਤੇ ਵਾਪਸੀ ਨੂੰ ਸੁਖਾਲਾ ਬਣਾਉਣ ਲਈ ਹੈ ।

ਤੁਹਾਡੀ ਨਿੱਜੀ ਜਾਣਕਾਰੀ ਤੁਹਾਡੇ ਸਿਹਤ ਸੰਭਾਲ ਕਰ ਰਹੇ ਮਾਹਿਰਾਂ ਅਤੇ ਕਿਰਤ ਬਾਜ਼ਾਰ ਵਿਚ ਮੁੜ-ਪ੍ਰਵੇਸ਼ ਸੇਵਾਵਾਂ ਪ੍ਰਬੰਧਕਾਂ ਨਾਲ ਇਹ ਯਕੀਨੀ ਕਰਨ ਲਈ ਸਾਂਝੀ ਕੀਤੀ ਜਾ ਸਕਦੀ ਹੈ ਕਿ ਢੁੱਕਵੇਂ ਡਾਕਟਰੀ ਅਤੇ ਕਿਰਤ ਬਾਜ਼ਾਰ ਸਾਧਨ ਤੁਹਾਡੇ ਕੇਸ ਵਿਚ ਲਾਗੂ ਕੀਤੇ ਜਾ ਰਹੇ ਹਨ ।

ਖੋਜ ਅਤੇ ਬਚਾਓ
WSIB ਕੰਮ ਦੇ ਸਥਾਨਾਂ ਤੇ ਚੋਟ ਅਤੇ ਬਿਮਾਰੀ ਦੀ ਕਿਸਮ ਅਤੇ ਕਾਰਨਾਂ ਦੀ ਖੋਜ ਦਾ ਸਮਰਥਨ ਕਰਦਾ ਹੈ ਤਾਂਕਿ ਵਧੇਰੇ ਅਸਰਦਾਰ ਬਚਾਓ ਪ੍ਰੋਗਰਾਮਾਂ ਦੇ ਲਈ ਵਿਕਾਸ ਕੀਤਾ ਜਾ ਸਕੇ । WSIB ਆਪਣੇ ਪ੍ਰਸ਼ਾਸਕੀ ਅੰਕੜੇ ਸੁਰੱਖਿਆ ਏਜੰਸੀਆਂ, ਵਿਗਿਆਨਕ ਖੋਜਕਾਰਾਂ ਅਤੇ ਲੋੜ ਮੁਤਾਬਕ ਹੋਰਨਾਂ ਨੂੰ ਜਾਣਕਾਰੀ ਦੀ ਆਜ਼ਾਦੀ ਅਤੇ ਪਰਦਾਦਾਰੀ ਰੱਖਿਆ ਐਕਟ ਦੇ ਅਧੀਨ ਦੇ ਸਕਦਾ ਹੈ ।

WSIB ਗੈਰਸੰਬੰਧੀ ਖੋਜਕਾਰਾਂ ਨੂੰ ਕੰਮ ਦੇ ਸਥਾਨ ਤੇ ਸੱਟਾਂ ਅਤੇ ਬਿਮਾਰੀਆਂ ਅਤੇ ਆਪਣੀਆਂ ਵਸਤੂਆਂ ਅਤੇ ਸੇਵਾਵਾਂ ਦੇ ਮਿਆਰ ਦੇ ਸਰਵੇਖਣ ਲਈ ਠੇਕਾ ਦੇ ਸਕਦਾ ਹੈ । ਤੁਹਾਡਾ ਨਾਮ ਅਤੇ ਟੈਲੀਫੋਨ ਨੰਬਰ ਇਹਨਾਂ ਗੈਰਸੰਬੰਧੀ ਖੋਜਕਾਰਾਂ ਨੂੰ ਦਿੱਤਾ ਜਾ ਸਕਦਾ ਹੈ ਤਾਂ ਜੋ ਉਹ ਤੁਹਾਡੇ ਨਾਲ ਸੰਪਰਕ ਕਰਕੇ ਇਸ ਤਰ੍ਹਾਂ ਦੇ ਸਰਵੇਖਣ ਵਿਚ ਹਿੱਸਾ ਪਾਉਣ ਲਈ ਤੁਹਾਡੀ ਇਜ਼ਾਜ਼ਤ ਲੈ ਸਕਣ ।

ਲਾਗੂ ਕਰਨਾ
ਵਰਕਪਲੇਸ ਸੇਫਟੀ ਅਤੇ ਇੰਸ਼ੋਰੈਂਸ ਪ੍ਰਣਾਲੀ ਨੂੰ ਦੁਰਵਰਤੋਂ ਤੋਂ ਬਚਾਉਣ ਲਈ ਧੋਖੇਬਾਜ਼ੀ ਜਾਂ ਨਾ-ਫੁਰਮਾਨੀ ਦੀ ਤਫਤੀਸ਼ ਵੇਲੇ ਨਿੱਜੀ ਜਾਣਕਾਰੀ ਇਕੱਠੀ ਕੀਤੀ ਜਾ ਸਕਦੀ ਹੈ । ਜਾਣਕਾਰੀ ਕਾਨੂੰਨੀ ਅਧਿਕਾਰਾਂ ਹੇਠ ਲੋੜ ਪੈਣ ਤੇ ਹੋਰ ਸਰਕਾਰੀ ਸਮੂਹਾਂ, ਪੁਲਿਸ ਅਤੇ ਅਦਾਲਤਾਂ ਨਾਲ ਸਾਂਝੀ ਕੀਤੀ ਜਾ ਸਕਦੀ ਹੈ ।

**ਤੁਹਾਡੀ ਨਿੱਜੀ ਜਾਣਕਾਰੀ ਤੱਕ ਪਹੁੰਚ ਅਤੇ ਉਸ ਵਿੱਚ ਸੋਧ**

ਤੁਹਾਡੀ ਕਲੇਮ ਫਾਇਲ ਦੀ ਨਕਲ ਨੂੰ ਹਾਸਿਲ ਕਰਨ ਲਈ ਸਿਰਫ ਨਿਰਣਾਇਕ ਨੂੰ ਲਿਖੋ ਅਤੇ WSIB ਜਿਤਨਾਂ ਵੀ ਸੰਭਵ ਹੋ ਸਕੇ ਇਸਨੂੰ ਉਤਨਾਂ ਹੀ ਆਸਾਨ ਬਣਾਉਂਦਾ ਹੈ । ਜੇ ਤੁਹਾਨੂੰ ਲਗਦਾ ਹੈ ਕਿ ਤੁਹਾਡਾ ਰਿਕਾਰਡ ਸਹੀ ਨਹੀਂ ਹੈ, ਤੁਸੀਂ ਆਪਣੇ ਨਿਰਣਾਇਕ ਨੂੰ ਜਾਣਕਾਰੀ ਠੀਕ ਕਰਨ ਲਈ ਲਿਖਤੀ ਬੇਨਤੀ ਕਰ ਸਕਦੇ ਹੋ ।

ਜੇਕਰ ਤੁਹਾਨੂੰ ਆਪਣੀ ਜਾਣਕਾਰੀ ਤੱਕ ਪਹੁੰਚਣ ਜਾਂ ਉਸ ਵਿੱਚ ਸੋਧ ਕਰਨ ਪ੍ਰਤੀ ਮੁਸ਼ਕਿਲਾਂ ਆਉਂਦੀਆਂ ਹਨ, ਤੁਹਾਨੂੰ ਉਨਟਾਰੀਓ ਦੇ

ਜਾਣਕਾਰੀ ਅਤੇ ਪਰਦਾਦਾਰੀ ਕਮਿਸ਼ਨਰ ਕੋਲ ਅਪੀਲ ਕਰਨ ਦਾ ਹੱਕ ਹੈ ।

ਅਪੀਲ ਪ੍ਰਣਾਲੀ ਵਿੱਚ ਸ਼ਮੂਲਿਅਤ ਦੌਰਾਨ ਜੇਕਰ ਕੋਈ ਮੁੱਦਾ ਝਗੜੇ ਵਿੱਚ ਹੈ, ਤੁਹਾਡੇ ਮਾਲਕ ਤੁਹਾਡੀ ਕਲੇਮ ਫਾਇਲ ਦੀ ਨਕਲ ਹਾਸਲ ਕਰ ਸਕਦੇ ਹਨ । ਕਿਸੇ ਖ਼ਾਸ ਸਿਹਤ ਜਾਣਕਾਰੀ ਨੂੰ ਤੁਹਾਡੇ ਮਾਲਕਾਂ ਨੂੰ ਰਿਲੀਜ਼ ਕਰਨ ਬਾਰੇ ਤੁਹਾਨੂੰ ਇਤਰਾਜ਼ ਦਾ ਮੌਕਾ ਦਿਤਾ ਜਾਵੇਗਾ । ਵਰਕ ਪਲੇਸ ਸੇਫ਼ਟੀ ਅਤੇ ਇੰਸ਼ੋਰੈਂਸ ਐਕਟ ਦੇ ਅਧੀਨ ਮਾਲਕ ਅਤੇ ਮਾਲਕਾਂ ਦੇ ਨੁਮਾਇੰਦਿਆਂ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ WSIB ਵੱਲੋਂ ਪ੍ਰਾਪਤ ਕੀਤੀ ਗਈ ਜਾਣਕਾਰੀ ਨੂੰ ਗੁਪਤ ਅਤੇ ਪਰਦਾਦਾਰ ਰੱਖਣ ।

**ਤੁਹਾਡੀ ਨਿੱਜੀ ਜਾਣਕਾਰੀ ਨੂੰ ਤਰਤੀਬ ਦੇਣਾ**

ਜੇਕਰ ਤੁਹਾਡੀ ਨਿੱਜੀ ਜਾਣਕਾਰੀ ਜਿਵੇਂ ਕਿ ਤੁਹਾਡਾ ਪਤਾ, ਜਾਂ ਕੰਮ ਦਾ ਰੁਤਬਾ ਬਦਲਦਾ ਹੈ ਤਾਂ ਆਪਣੇ ਨਿਰਣਾਇਕ ਨਾਲ ਜ਼ਰੂਰ ਸੰਪਰਕ ਕਰੋ ਅਤੇ ਤੁਹਾਡੇ ਰਿਕਾਰਡ ਤਰਤੀਬ ਵਿੱਚ ਕਰ ਦਿੱਤੇ ਜਾਣਗੇ ।

**ਪ੍ਰਸ਼ਨ ? ਖ਼ਦਸ਼ੇ ?**

ਜੇਕਰ ਤੁਹਾਡੀ ਨਿੱਜੀ ਜਾਣਕਾਰੀ ਇਕੱਠੇ ਕਰਨ, ਵਰਤੋਂ ਜਾਂ ਉਸ ਦਾ ਪ੍ਰਗਟੀਕਰਨ ਕਰਨ ਬਾਰੇ ਤੁਹਾਡੇ ਕੋਈ ਵੀ ਪ੍ਰਸ਼ਨ ਜਾਂ ਖ਼ਦਸ਼ੇ ਹਨ, ਕਿਰਪਾ ਕਰਕੇ ਆਪਣੇ ਨਿਰਣਾਇਕ ਨਾਲ ਸਿੱਧਾ ਜਾਂ ਕਰ-ਰਹਿਤ 1-800-387-5540 ਤੇ ਸੰਪਰਕ ਕਰੋ ।

ਪਰਦਾਦਾਰੀ ਨਾਲ ਸੰਬੰਧਿਤ ਖ਼ਦਸ਼ੇ ਜਾਂ ਮਾਮਲੇ WSIB ਦੇ ਪਰਦਾਦਾਰੀ ਦਫ਼ਤਰ ਵਿੱਚ ਪ੍ਰਾਈਵੇਸੀ ਅਫਸਰ ਨਾਲ 416-344-5323 ਤੇ ਜਾਂ ਉਪਰ ਦਿਤੇ ਕਰ-ਰਹਿਤ ਦੁਆਰਾ ਵੀ ਸੰਬੋਧਨ ਕੀਤੇ ਜਾ ਸਕਦੇ ਹਨ ।

ਟੀ-ਟੀ-ਵਾਈ:
1-800-387-0050

ਪਤਾ :
Workplace Safety and Insurance Board,
200 Front Street, West, Toronto, Ontario, M5V 3J1